## ਪੰਜਾਬ ਸਕੂਲ ਸਿੱਖਿਆ ਬੋਰਡ

## ਪਬਲਿਕ ਨੋਟਿਸ

ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਮਿਡਲ, ਮੈਟ੍ਰਿਕ ਅਤੇ ਬਾਰਵ੍ਹੀਂ ਪ੍ਰੀਖਿਆ ਪਾਸ ਕਰ ਚੁੱਕੇ ਪ੍ਰੀਖਿਆਰਥੀਆਂ ਦੀ ਸੂਚਨਾ ਲਈ ਦੱਸਿਆ ਜਾਂਦਾ ਹੈ ਕਿ ਬੋਰਡ ਵਲੋਂ ਮਿਤੀ 31.01.2014 ਨੂੰ ਲਏ ਗਏ ਨਿਰਣੇ ਅਨੁਸਾਰ ਉਹ ਹੁਣ ਆਪਣੇ ਸਰਟੀਫਿਕੇਟਾਂ ਵਿੱਚ ਮਾਤਾ / ਪਿਤਾ ਦੇ ਨਾਮ ਜਾਂ ਜਨਮ ਮਿਤੀ ਦੀ ਦਰੁੱਸਤੀ ਲਈ ਬੋਰਡ ਤੋਂ ਪਾਸ ਕੀਤੀ ਅੰਤਿਮ ਪ੍ਰੀਖਿਆ ਦਾ ਨਤੀਜਾ ਘੋਸ਼ਿਤ ਹੋਣ ਦੀ ਮਿਤੀ ਤੋਂ 5 ਸਾਲ ਦੇ ਅਰਸੇ ਦੇ ਅੰਦਰ-ਅੰਦਰ ਹੀ ਆਪਣੇ ਬਿਨੈ-ਪੱਤਰ ਦੇ ਸਕਦੇ ਹਨ। ਇਸ ਤੋਂ ਪਹਿਲਾਂ ਅਜਿਹੀ ਦਰੁੱਸਤੀ ਲਈ 10 ਸਾਲ ਦੇ ਅਰਸੇ ਦੀ ਸੀਮਾ ਨਿਸ਼ਚਿਤ ਸੀ, ਜਿਸ ਅਧੀਨ ਮਿਤੀ 31.03.2014 ਤੱਕ ਦਰੁੱਸਤੀ ਲਈ ਬਿਨੈ ਪੱਤਰ ਬੋਰਡ ਦੇ ਮੁੱਖ ਦਫਤਰ ਵਿੱਖੇ ਪੁੱਜ ਜਾਣੇ ਚਾਹੀਦੇ ਹਨ। ਮਿਤੀ 01.04.2014 ਤੋਂ ਕੇਵਲ 5 ਸਾਲ ਦੀ ਅੰਤਿਮ ਸੀਮਾ ਵਾਲੇ ਕੇਸ ਹੀ ਦਰੁਸਤੀ ਲਈ ਪ੍ਰਾਪਤ ਕੀਤੇ ਜਾਣਗੇ। ਸੋਧ ਦਾ ਨਵਾਂ ਫਾਰਮ ਅਤੇ ਹਦਾਇਤਾਂ ਬੋਰਡ ਦੀ ਵੈਬਸਾਈਟ www.pseb.ac.in ਤੇ Downloads Section ਅਧੀਨ ਮਿਤੀ 01.04.2014 ਤੋਂ ਉਪਲੱਬਧ ਹੋਣਗੀਆਂ।

ਸਕੱਤਰ
ਪੰਜਾਬ ਸਕੂਲ ਸਿੱਖਿਆ ਬੋਰਡ।